بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡد
لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਜੰਗਾਂ ਅਤੇ ਸਿਰੱਿਯਾਵਾਂ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 27 ਦਿਸੰਬਰ 2024 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਅੱਜ ਵੀ ਕੁੱਝ ਸਿਰੱਿਯਾਵਾਂ ਦਾ ਜ਼ਿਕਰ ਕਰੂੰਗਾ। ਇਤਿਹਾਸ ਵਿੱਚ ਇੱਕ ਸਿਰੱਿਯਾ ਦਾ ਜ਼ਿਕਰ ਮਿਲਦਾ ਹੈ, ਜਿਹੜਾ ਸਿਰੱਿਯਾ ਜ਼ੈਦ ਬਿਨ ਹਾਰਸਾ ਕਹਾਉਂਦਾ ਹੈ। ਇਹ ਸਿਰੱਿਯਾ 06 ਹਿਜਰੀ ਵਿੱਚ ਬਨੂ ਜੁਜ਼ਾਮ ਦੇ ਇੱਕ ਸ਼ਹਿਰ ਹੁਸਮਾ ਵਿੱਚ ਹੋਇਆ ਜਿਹੜਾ ਮਦੀਨੇ ਤੋਂ ਅੱਠ (08) ਰਾਤਾਂ ਦੀ ਦੂਰੀ 'ਤੇ ਸੀ।

ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਇਸ ਸਿਰੱਿਯਾ ਦੀ ਤਰੀਕ ਦੇ ਬਾਰੇ ਇੱਕ ਸ਼ੱਕ ਹੈ, ਜਿਸਦਾ ਜ਼ਿਕਰ ਜ਼ਰੂਰੀ ਹੈ। ਇਬਨਿ ਸਾਅਦ ਅਤੇ ਉਸਦੀ ਪੈਰਵੀ ਵਿੱਚ ਬਾਕ਼ੀਆਂ ਨੇ ਇਸ ਸਿਰੱਿਯਾ ਦੀ ਤਰੀਕ 06 ਹਿਜਰੀ ਲਿਖੀ ਹੈ ਅਤੇ ਇਸੇ ਨੂੰ ਸਹੀ ਕ਼ਰਾਰ ਦਿੱਤਾ ਹੈ ਪਰ ਅੱਲਾਮਾ ਇਬਨਿ ਕ਼ੱਯਮ ਨੇ ਜ਼ਾਦੁਲ ਮਆਦ ਵਿੱਚ ਵਿਆਖਿਆ ਕੀਤੀ ਹੈ ਕਿ ਇਹ ਸਿਰੱਿਯਾ 07 ਹਿਜਰੀ ਵਿੱਚ ਸੁਲਹ ਹੁਦੈਬਿਯਾ ਦੇ ਬਾਅਦ ਹੋਇਆ ਸੀ। ਖ਼ਾਕਸਾਰ ਦੀ ਰਾਏ ਵਿੱਚ ਇੱਕ ਵਿਆਖਿਆ ਅਜਿਹੀ ਹੈ ਜਿਸਨੂੰ ਅੱਲਾਮਾ ਇਬਨਿ ਕ਼ੱਯਮ ਨੇ ਨਜ਼ਰ ਅੰਦਾਜ਼ ਕਰ ਦਿੱਤਾ ਹੈ ਅਤੇ ਉਹ ਇਹ ਕਿ ਮੁਮਕਿਨ ਹੈ ਕਿ ਕ਼ੈਸਰ ਦੀ ਮੁਲਾਕ਼ਾਤ ਦੇ ਲਈ ਦਿਹਯਾ ਸ਼ਾਮ ਵਿੱਚ ਦੋ ਵਾਰ ਗਏ ਹੋਣ। ਯਾਨੀ ਪਹਿਲੀ ਵਾਰ ਉਹ ਸੁਲਹ ਹੁਦੈਬਿਯਾ ਤੋਂ ਪਹਿਲਾਂ ਆਪ ਵਪਾਰਿਕ ਕਾਰਨਾਂ ਕਰਕੇ ਗਏ ਹੋਣ ਅਤੇ ਕ਼ੈਸਰ ਨਾਲ ਵੀ ਮਿਲੇ ਹੋਣ ਅਤੇ ਦੂਸਰੀ ਵਾਰ ਸੁਲਹ ਹੁਦੈਬਿਯਾ ਦੇ ਬਾਅਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਖ਼ਤ ਲੈ ਕੇ ਗਏ ਹੋਣ। ਇਸ ਵਿਆਖਿਆ ਦਾ ਸਹਿਯੋਗ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਇਬਨਿ ਇਸਹਾਕ਼ ਨੇ ਲਿਖਿਆ ਹੈ ਕਿ ਇਸ ਸਫ਼ਰ ਵਿੱਚ ਦਿਹਯਾ ਦੇ ਕੋਲ ਵਪਾਰਿਕ ਸਮਾਨ ਸੀ ਅਤੇ ਸੁਲਹ ਹੁਦੈਬਿਯਾ ਦੇ ਬਾਅਦ ਵਾਲੇ ਸਫ਼ਰ ਵਿੱਚ ਬਜ਼ਾਹਿਰ ਵਪਾਰਿਕ ਸਮਾਨ ਦਾ ਸੰਬੰਧ ਨਜ਼ਰ ਨਹੀਂ ਆਉਂਦਾ। ਇਹ ਵੀ ਹੋ ਸਕਦਾ ਹੈ ਕਿ ਦਿਹਯਾ ਦਾ ਇਹ ਸਫ਼ਰ ਸਿਰਫ਼ ਵਪਾਰਿਕ ਕਾਰਨਾਂ ਕਰਕੇ ਹੋਵੇ ਅਤੇ ਇਬਨਿ ਸਾਅਦ ਦੇ ਰਿਵਾਇਤ ਕਰਨ ਵਾਲਿਆਂ ਨੇ ਉਸਦੇ ਦੂਸਰੇ ਸਫ਼ਰ ਦੇ ਨਾਲ ਇਸ ਸਫ਼ਰ ਨੂੰ ਮਿਲਾ ਕੇ ਕ਼ੈਸਰ ਦੀ ਮੁਲਾਕ਼ਾਤ ਅਤੇ ਖ਼ਿਲਤੇ ਦੇ ਜ਼ਿਕਰ ਨੂੰ ਅੰਦਾਜ਼ਨ ਸ਼ਾਮਿਲ ਕਰ ਲਿਆ ਹੋਵੇ।

ਫਿਰ ਸਿਰੱਿਯਾ ਅਬਦੁਰ ਰਹਮਾਨ ਬਿਨ ਔਫ਼ ਦਾ ਜ਼ਿਕਰ ਮਿਲਦਾ ਹੈ। ਇਹ ਸਿਰੱਿਯਾ 06 ਹਿਜਰੀ ਨੂੰ ਦੌਮਤੁਲ ਜੰਦਲ ਦੇ ਵੱਲ ਹੋਇਆ। ਇਸਦਾ ਵਿਸਥਾਰ ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਨੇ ਇੰਝ ਲਿਖਿਆ ਹੈ ਕਿ ਇਸ ਸਿਰੱਿਯਾ ਦੀ ਤਿਆਰੀ ਅਤੇ ਰਵਾਨਗੀ ਦੇ ਬਾਰੇ ਇਬਨਿ ਇਸਹਾਕ਼ ਨੇ ਅਬਦੁੱਲਾਹ ਬਿਨ ਉਮਰ ਰਜ਼ਿ ਅੱਲਾਹੁ ਅਨਹੁ ਤੋਂ ਇਹ ਦਿਲਚਸਪ ਰਿਵਾਇਤ ਨਕ਼ਲ ਕੀਤੀ ਹੈ ਕਿ ਇੱਕ ਵਾਰ ਜਦ ਅਸੀਂ ਕੁੱਝ ਲੋਕ ਜਿਨ੍ਹਾਂ ਵਿੱਚ ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ, ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ, ਹਜ਼ਰਤ ਉਸਮਾਨ ਰਜ਼ਿ ਅੱਲਾਹੁ ਅਨਹੁ, ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ ਅਤੇ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਰਜ਼ਿ ਅੱਲਾਹੁ ਅਨਹੁ ਵੀ ਸ਼ਾਮਿਲ ਸਨ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸੇਵਾ ਵਿੱਚ ਬੈਠੇ ਸਾਂ। ਇੱਕ ਅੰਸਾਰੀ

ਨੌਜਵਾਨ ਨੇ ਹਾਜ਼ਿਰ ਹੋ ਕੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਕੋਲੋਂ ਪੁੱਛਿਆ ਕਿ ਹੇ ਰਸੂਲੁੱਲਾਹ! (ਸੱਲ-ਲੱਲਾਹੁ ਅਲੈਹਿ-ਵਸੱਲਮ) ਮੋਮਿਨਾਂ ਵਿੱਚੋਂ ਸਭ ਤੋਂ ਵਧੀਆ ਕੌਣ ਹੈ? ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ, ਉਹ ਜਿਸਦਾ ਆਚਰਣ ਸਭ ਤੋਂ ਵਧੀਆ ਹੈ। ਉਸਨੇ ਕਿਹਾ ਹੇ ਰਸੂਲੁੱਲਾਹ! (ਸੱਲ-ਲੱਲਾਹੁ ਅਲੈਹਿ-ਵਸੱਲਮ) ਸਭ ਤੋਂ ਜ਼ਿਆਦਾ ਮੁੱਤਕ਼ੀ ਕੌਣ ਹੈ? ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ, ਉਹ ਜਿਹੜਾ ਮੌਤ ਨੂੰ ਜ਼ਿਆਦਾ ਯਾਦ ਰੱਖਦਾ ਅਤੇ ਉਸਦੇ ਲਈ ਸਮੇ ਤੋਂ ਪਹਿਲਾਂ ਤਿਆਰੀ ਕਰਦਾ ਹੈ। ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਤਿਆਰੀ ਕੀ ਹੈ ਕਿ ਅੱਲਾਹ ਤਆਲਾ ਦਾ ਭੈ ਹੋਵੇ, ਉਸਦਾ ਹੱਕ ਅਦਾ ਕੀਤਾ ਜਾਵੇ ਅਤੇ ਉਸਦੇ ਹੁਕਮਾਂ ‘ਤੇ ਅਮਲ ਕੀਤਾ ਜਾਵੇ। ਇਹ ਹੈ ਮੌਤ ਦੀ ਤਿਆਰੀ। ਇਸ ‘ਤੇ ਉਹ ਅੰਸਾਰੀ ਨੌਜਵਾਨ ਖ਼ਾਮੋਸ਼ ਹੋ ਗਿਆ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਸਾਡੇ ਵੱਲ ਹੋਏ ਅਤੇ ਫ਼ਰਮਾਇਆ ਹੇ ਮੁਹਾਜਿਰੀਨ ਦੇ ਗਿਰੋਹ! ਪੰਜ ਬੁਰਾਈਆਂ ਅਜਿਹੀਆਂ ਹਨ ਜਿਨ੍ਹਾਂ ਦੇ ਬਾਰੇ ਮੈਂ ਖ਼ੁਦਾ ਤੋਂ ਪਨਾਹ ਮੰਗਦਾ ਹਾਂ ਕਿ ਉਹ ਕਦੀ ਮੇਰੀ ਉੱਮਤ ਵਿੱਚ ਪੈਦਾ ਨਾ ਹੋਣ ਕਿਉਂਕਿ ਉਹ ਜਿਸ ਕ਼ੌਮ ਵਿੱਚ ਜ਼ਾਹਿਰ ਹੋਣ ਉਸਨੂੰ ਤਬਾਹ ਕਰਕੇ ਛੱਡਦੀਆਂ ਹਨ।

ਪਹਿਲੀ, ਇਹ ਕਿ ਕਦੀ ਕਿਸੇ ਕ਼ੌਮ ਵਿੱਚ ਬੇ ਹਯਾਈ ਅਤੇ ਬਦਕਾਰੀ ਇਸ ਹੱਦ ਤੱਕ ਨਹੀਂ ਫੈਲੀ ਕਿ ਲੋਕ ਉਸਨੂੰ ਖੁੱਲਮ ਖੁੱਲ੍ਹਾ ਕਰਨ ਲੱਗ ਜਾਣ ਅਤੇ ਉਸਦੇ ਨਤੀਜੇ ਵਿੱਚ ਅਜਿਹੀਆਂ ਬਿਮਾਰੀਆਂ ਅਤੇ ਵਬਾਵਾਂ ਜ਼ਾਹਿਰ ਹੋਣੀਆਂ ਨਾ ਸ਼ੁਰੂ ਹੋ ਗਈਆਂ ਹੋਣ ਜਿਹੜੀਆਂ ਉਨ੍ਹਾਂ ਤੋਂ ਪਹਿਲੇ ਲੋਕਾਂ ਵਿੱਚ ਨਾ ਹੋਣ। ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅੱਜ ਕੱਲ ਦੁਨੀਆ ਵਿੱਚ ਤਾਂ ਇਹ ਅਸੀਂ ਆਮ ਦੇਖਦੇ ਹਾਂ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਸ ਤੋਂ ਪਨਾਹ ਮੰਗੀ ਹੈ। ਮੁਸਲਮਾਨਾਂ ਨੂੰ ਇਸ ‘ਤੇ ਖ਼ਾਸ ਗ਼ੌਰ ਕਰਨਾ ਚਾਹੀਦਾ ਹੈ।

ਦੂਸਰੀ, ਕਦੀ ਕਿਸੇ ਕ਼ੌਮ ਵਿੱਚ ਨਾਪ ਅਤੇ ਤੋਲ ਵਿੱਚ ਬਦ ਦਿਆਨਤੀ ਕਰਨ ਦੀ ਬਦੀ ਨਹੀਂ ਪੈਦਾ ਹੋਈ ਕਿ ਇਸਦੇ ਨਤੀਜੇ ਵਿੱਚ ਉਸ ਕ਼ੌਮ ‘ਤੇ ਸੋਕਾ, ਮਿਹਨਤ, ਸ਼ਿੱਦਤ ਅਤੇ ਹਾਕਮ ਦੇ ਜ਼ੁਲਮੋ ਸਿਤਮ ਵਰਗੀਆਂ ਮੁਸੀਬਤਾਂ ਨਾ ਆਈਆਂ ਹੋਣ। ਹਜ਼ੂਰ ਅਨਵਰ ਨੇ ਫ਼ਰਮਾਇਆ ਇਸ ‘ਤੇ ਵੀ ਬਹੁਤ ਗ਼ੌਰ ਕਰਨ ਦੀ ਲੋੜ ਹੈ। ਮੁਸਲਮਾਨਾਂ ਵਿੱਚ ਵੀ ਬਹੁਤ ਜ਼ਿਆਦਾ ਬਦ ਦਿਆਨਤੀ ਪੈਦਾ ਹੋ ਗਈ ਹੈ। ਕਾਸ਼! ਕਿ ਉਹ ਇਸਨੂੰ ਸਮਝਣ। ਅਹਮਦੀਆਂ ਨੂੰ ਵੀ ਇਸ ‘ਤੇ ਉਚੇਚਾ ਧਿਆਨ ਦੇਣਾ ਚਾਹੀਦਾ ਹੈ।

ਤੀਸਰੀ, ਕਦੀ ਕਿਸੇ ਕ਼ੌਮ ਨੇ ਜ਼ਕਾਤ ਅਤੇ ਸਦਕ਼ਿਆਂ ਵਿੱਚ ਸੁਸਤੀ ਨਹੀਂ ਕੀਤੀ ਕਿ ਉਸਦੇ ਨਤੀਜੇ ਵਿੱਚ ਉਨ੍ਹਾਂ ‘ਤੇ ਮੀਂਹਾਂ ਦੀ ਕਮੀ ਨਾ ਕੀਤੀ ਗਈ ਹੋਵੇ। ਇੱਥੋਂ ਤੱਕ ਕਿ ਜੇਕਰ ਖ਼ੁਦਾ ਤਆਲਾ ਨੂੰ ਆਪਣੇ ਪੈਦਾ ਕੀਤੇ ਜਾਨਵਰਾਂ ਦਾ ਖ਼ਿਆਲ ਨਾ ਹੋਵੇ ਤਾਂ ਅਜਿਹੀ ਕ਼ੌਮ ‘ਤੇ ਮੀਂਹਾਂ ਦਾ ਸਿਲਸਿਲਾ ਉੱਕਾ ਹੀ ਬੰਦ ਹੋ ਜਾਵੇ। ਹਜ਼ੂਰ ਅਨਵਰ ਨੇ ਫ਼ਰਮਾਇਆ, ਇਹ ਵੀ ਅੱਲਾਹ ਤਆਲਾ ਦੇ ਅਜ਼ਾਬ ਦੀ ਨਿਸ਼ਾਨੀ ਹੈ। ਇਸ ਤੋਂ ਵੀ ਪਨਾਹ ਮੰਗਣੀ ਚਾਹੀਦੀ ਹੈ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ, ਪਨਾਹ ਮੰਗੋ, ਮੈਂ ਵੀ ਪਨਾਹ ਮੰਗਦਾ ਹਾਂ।

ਚੌਥੀ, ਕਦੀ ਕਿਸੇ ਕ਼ੌਮ ਨੇ ਖ਼ੁਦਾ ਅਤੇ ਉਸਦੇ ਰਸੂਲ ਦੇ ਵਚਨਾਂ ਨੂੰ ਨਹੀਂ ਤੋੜਿਆ ਕਿ ਇਨ੍ਹਾਂ ‘ਤੇ ਗ਼ੈਰ ਕ਼ੌਮ, ਇਨ੍ਹਾਂ ਦੇ ਦੁਸ਼ਮਣਾਂ ਵਿੱਚੋਂ ਹੀ ਇਨ੍ਹਾਂ ‘ਤੇ ਪਾ ਦਿੱਤੀ ਹੋਵੇ ਜਿਹੜੀ ਇਨ੍ਹਾਂ ਦੇ ਹੱਕਾਂ ਨੂੰ ਦਬਾਉਣ ਲੱਗ ਜਾਵੇ। ਹਜ਼ੂਰ ਅਨਵਰ ਨੇ ਫ਼ਰਮਾਇਆ, ਇਹ ਅੱਜ ਕੱਲ ਮੁਸਲਮਾਨਾਂ ਦੀ ਜਿਹੜੀ ਹਾਲਤ ਹੈ, ਉਸ ਤੋਂ ਜ਼ਾਹਿਰ ਹੈ ਕਿ ਇਹ ਆਪਣੇ ਵਚਨ ਨੂੰ ਤੋੜਨ ਵਾਲੇ ਹਨ। ਅੱਲਾਹ ਤਆਲਾ ਰਹਮ ਕਰੇ ਅਤੇ ਇਨ੍ਹਾਂ ਨੂੰ ਸਮਝ ਦੇਵੇ।

ਪੰਜਵੀਂ, ਕਦੀ ਕਿਸੇ ਕ਼ੌਮ ਦੇ ਗਿਆਨੀਆਂ ਅਤੇ ਇਮਾਮਾਂ ਨੇ ਸ਼ਰੀਅਤ ਦੇ ਖ਼ਿਲਾਫ਼ ਫ਼ਤਵੇ ਦੇ ਦੇ ਕੇ ਸ਼ਰੀਅਤ ਨੂੰ ਆਪਣੇ ਮਤਲਬ ਦੇ ਮੁਤਾਬਿਕ਼ ਨਹੀਂ ਵਿਗਾੜਨਾ ਚਾਹਿਆ ਕਿ ਇਨ੍ਹਾਂ ਦੇ ਦਰਮਿਆਨ ਅੰਦਰੂਨੀ ਲੜਾਈ ਝਗੜਿਆਂ ਦਾ ਸਿਲਸਿਲਾ ਸ਼ੁਰੂ ਨਾ ਹੋ ਗਿਆ ਹੋਵੇ। ਹਜ਼ੂਰ ਅਨਵਰ ਨੇ ਫ਼ਰਮਾਇਆ, ਇਹ ਵੀ ਮੁਸਲਮਾਨਾਂ ਵਿੱਚ ਫ਼ਿਰਕ਼ਾ ਬੰਦੀ ਆਮ ਨਜ਼ਰ ਆਉਂਦੀ ਹੈ। ਜਿਨ੍ਹਾਂ ਚੀਜ਼ਾਂ ਤੋਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਪਨਾਹ ਮੰਗੀ ਹੈ, ਉਹੀ ਸਾਨੂੰ ਅੱਜ ਕੱਲ ਮੁਸਲਮਾਨਾਂ ਵਿੱਚ ਨਜ਼ਰ ਆ ਰਹੀਆਂ ਹਨ। ਅੱਲਾਹ ਤਆਲਾ ਰਹਮ ਕਰੇ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਇਹ ਸੁਨਹਿਰੀ ਭਾਸ਼ਣ ਕ਼ੌਮਾਂ ਦੀ ਤਰੱਕ਼ੀ ਅਤੇ ਬਰਬਾਦੀ ਦੇ ਕਾਰਨਾਂ ‘ਤੇ ਬੇਹਤਰੀਨ ਟਿੱਪਣੀ ਹੈ। ਅਤੇ ਜੇਕਰ ਮੁਸਲਮਾਨ ਚਾਹੁਣ ਤਾਂ ਇਨ੍ਹਾਂ ਦੇ ਲਈ ਮੌਜੂਦਾ ਜ਼ਮਾਨੇ ਵਿੱਚ ਵੀ ਇਹ ਬੇਹਤਰੀਨ ਸਬਕ਼ ਹੈ। ਕਾਸ਼! ਕਿ ਮੁਸਲਮਾਨ ਇਸ ‘ਤੇ ਗ਼ੌਰ ਕਰਨ।

ਫਿਰ ਸਿਰੱਯਾ ਹਜ਼ਰਤ ਅਲੀ ਬਿਨ੍ਹ ਅਬੀ ਤਾਲਿਬ ਰਜ਼ਿ ਅੱਲਾਹੁ ਅਨਹੁ ਹੈ, ਜਿਹੜਾ ਫ਼ਿਦਕ ਵੱਲ ਗਿਆ। ਇਹ ਸਿਰੱਯਾ 06 ਹਿਜਰੀ ਵਿੱਚ ਹੋਇਆ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ ਨੂੰ ਸੌ (100) ਆਦਮੀਆਂ ਨਾਲ਼ ਫ਼ਿਦਕ ਵਿੱਚ ਬਨੂ ਸਾਅਦ ਬਿਨ ਬਕਰ ਵੱਲ ਭੇਜਿਆ। 07 ਹਿਜਰੀ ਵਿੱਚ ਖ਼ੈਬਰ ਦੀ ਜੰਗ ਦੇ ਮੌਕ਼ੇ 'ਤੇ ਇਹ ਇਲਾਕ਼ਾ ਬਗ਼ੈਰ ਜੰਗ ਦੇ ਫ਼ਤਿਹ ਹੋਇਆ ਸੀ।

ਫਿਰ ਸਿਰੱਯਾ ਅਬੂ ਬਕਰ ਦਾ ਜ਼ਿਕਰ ਮਿਲ਼ਦਾ ਹੈ, ਜਿਹੜਾ ਬਨੂ ਫ਼ੁਜ਼ਾਰਾ ਦੇ ਵੱਲ ਸੀ। ਇਹ ਸਿਰੱਯਾ 06 ਹਿਜਰੀ ਵਿੱਚ ਹੋਇਆ। ਬਨੂ ਫ਼ੁਜ਼ਾਰਾ ਨਜਦ ਵਿੱਚ ਵਾਦਿਉਲ ਕ਼ੁਰਾ ਵਿੱਚ ਆਬਾਦ ਸਨ। ਤਬਕ਼ਾਤੁਲ ਕੁਬਰਾ ਅਤੇ ਸੀਰਤ ਇਬਨਿ ਹੱਸ਼ਾਮ ਵਿੱਚ ਲਿਖਿਆ ਹੈ ਕਿ ਇਹ ਸਿਰੱਯਾ ਹਜ਼ਰਤ ਜ਼ੈਦ ਬਿਨ ਹਾਰਸਾ ਰਜ਼ਿ ਅੱਲਾਹੁ ਅਨਹੁ ਦੀ ਕਮਾਨ ਵਿੱਚ ਭੇਜਿਆ ਗਿਆ। ਪਰ ਸਹੀਹ ਮੁਸਲਿਮ ਅਤੇ ਸੁਨਨ ਅਬੀ ਦਾਊਦ ਤੋਂ ਪਤਾ ਲੱਗਦਾ ਹੈ ਕਿ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਨੂੰ ਇਸ ਸਿਰੱਯਾ ਦਾ ਅਮੀਰ ਬਣਾਇਆ ਸੀ। ਇਸ ਸਿਰੱਯਾ ਵਿੱਚ ਮੁਸਲਮਾਨਾਂ ਦਾ ਸ਼ਿਆਰ ਅਮਿਤ ਆਮਿਤ أَمِتْ أَمِتْ ਸੀ। ਹਜ਼ਰਤ ਸਲਮਾ ਬਿਨ ਅਕਵਅ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਮੈਂ ਉਸ ਦਿਨ ਆਪਣੇ ਹੱਥ ਨਾਲ਼ ਸੱਤ (07) ਆਦਮੀਆਂ ਨੂੰ ਕ਼ਤਲ ਕੀਤਾ। ਇੱਕ ਰਿਵਾਇਤ ਦੇ ਮੁਤਾਬਿਕ਼ ਨੌਂ (09) ਆਦਮੀਆਂ ਨੂੰ ਕ਼ਤਲ ਕੀਤਾ।

ਆਖ਼ਿਰ ਤੇ ਹਜ਼ੂਰ ਅਨਵਰ ਨੇ ਤਿੰਨ ਸੁਰਗਵਾਸੀਆਂ ਦਾ ਜ਼ਿਕਰ ਕੀਤਾ। ਇਨ੍ਹਾਂ ਵਿੱਚੋਂ ਪਹਿਲਾ ਜ਼ਿਕਰ ਸਤਿਕਾਰਯੋਗ ਤੱਯਬ ਅਹਮਦ ਸਾਹਿਬ ਬੰਗਾਲੀ ਦਾ ਸੀ, ਜਿਹੜੇ ਕਾਦੀਆਂ ਦੇ ਦਰਵੇਸ਼ ਸਨ। ਆਪ ਜੀ ਨੇ 11 ਦਿਸੰਬਰ ਨੂੰ ਸਤਾਨਵੇ (97) ਸਾਲ ਦੀ ਉਮਰ ਵਿੱਚ ਵਫ਼ਾਤ ਪਾਈ।إِنَّا لِلّٰهِ وَإِنَّا إِلَيْهِ رَاجِعُوْنَ। ਬੰਗਲਾ ਦੇਸ਼ ਵਿੱਚ ਉਨ੍ਹਾਂ ਦੀ ਪੈਦਾਇਸ਼ ਹੋਈ ਸੀ। 1942 ਈ: ਵਿੱਚ ਆਪ ਜੀ ਨੂੰ ਢਾਕਾ ਵਿੱਚ ਬਾਕ਼ਾਇਦਾ ਬੈਅਤ ਫ਼ਾਰਮ ਭਰ ਕੇ ਅਹਮਦਿੱਯਤ ਵਿੱਚ ਸ਼ਾਮਿਲ ਹੋਣ ਦੀ ਤੌਫ਼ੀਕ਼ ਮਿਲੀ। 1945 ਈ: ਵਿੱਚ ਪਹਿਲੀ ਵਾਰ ਜਲਸਾ ਸਲਾਨਾ ਕਾਦੀਆਂ ਵਿੱਚ ਸ਼ਾਮਿਲ ਹੋਏ ਅਤੇ ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਨਾਲ਼ ਮੁਲਾਕ਼ਾਤ ਦਾ ਸ਼ਰਫ਼ ਹਾਸਿਲ ਹੋਇਆ। ਕਾਦੀਆਂ ਨਾਲ਼ ਇੰਨੀ ਮੁਹੱਬਤ ਦਿਲ ਵਿੱਚ ਪੈਦਾ ਹੋ ਗਈ ਕਿ ਫਿਰ ਆਪਣੇ ਦੇਸ਼ ਨਹੀਂ ਗਏ। ਆਪ ਜੀ ਨੇ ਦੋ (02) ਸਾਲ ਦਿਹਾਤੀ ਮੁਬੱਲਿਗ਼ੀਨ ਦੀ ਕਲਾਸ ਵਿੱਚ ਸਿੱਖਿਆ ਪ੍ਰਾਪਤ ਕੀਤੀ। ਇਸ ਦੌਰਾਨ 1947 ਈ: ਵਿੱਚ ਵੰਡ ਦਾ ਵਾਕ਼ਿਆ ਹੋਇਆ ਅਤੇ ਆਪ ਜੀ ਨੇ ਕਾਦੀਆਂ ਵਿੱਚ ਠਹਿਰੇ ਰਹਿਣ ਦੀ ਬੇਨਤੀ ਕੀਤੀ ਜੋ ਮਨਜ਼ੂਰ ਕਰ ਲਈ ਗਈ। ਦਰਵੇਸ਼ੀ ਦੇ ਜ਼ਮਾਨੇ ਵਿੱਚ ਉਨ੍ਹਾਂ ਨੂੰ ਵੱਖ ਵੱਖ ਥਾਂਵਾਂ 'ਤੇ ਸੁਰੱਖਿਆ ਦੀਆਂ ਡਿਊਟੀਆਂ ਦੇਣ ਦਾ ਮੌਕ਼ਾ ਮਿਲਿਆ। 1955 ਅਤੇ 1956 ਈ: ਵਿੱਚ ਜਮਾਅਤ ਦੀ ਮਾਲੀ ਹਾਲਤ ਕਮਜ਼ੋਰ ਸੀ। ਸਦਰ ਅੰਜੁਮਨ ਅਹਮਦਿੱਯਾ ਕਾਦੀਆਂ ਨੇ ਇਹ ਐਲਾਨ ਕੀਤਾ ਕਿ ਜਿਹੜੇ ਦਰਵੇਸ਼ ਕੋਈ ਕੰਮ ਕਰਕੇ ਅਪਣੀ ਆਮਦ ਪੈਦਾ ਕਰ ਸਕਦੇ ਹਨ ਉਨ੍ਹਾਂ ਨੂੰ ਆਪਣਾ ਕੋਈ ਰੋਜ਼ਗਾਰ ਤਲਾਸ਼ ਕਰਨਾ ਚਾਹੀਦਾ ਹੈ ਕਿਉਂਕਿ ਜਮਾਅਤ ਅਲਾਉਂਸ ਨਹੀਂ ਦੇ ਸਕਦੀ ਅਤੇ ਉਨ੍ਹਾਂ ਦਾ ਮਾਲੀ ਬੋਝ ਫ਼ਿਲਹਾਲ ਬਰਦਾਸ਼ਤ ਨਹੀਂ ਕਰ ਸਕਦੀ। ਇਸ ਹਿਦਾਇਤ ਦੀ ਰੋਸ਼ਨੀ ਵਿੱਚ ਉਨ੍ਹਾਂ ਨੇ ਦਾਰੁਲ ਮਸੀਹ ਦੇ ਬਾਹਰ ਬਜ਼ਾਰ ਵਿੱਚ ਇੱਕ ਚਾਹ ਦੀ ਦੁਕਾਨ ਖੋਲ੍ਹ ਲਈ। ਅਕਸਰ ਇਹ ਹੁੰਦਾ ਕਿ ਮਹਿਮਾਨਾਂ ਅਤੇ ਗ਼ਰੀਬ ਲੋਕਾਂ ਨੂੰ ਮੁਫ਼ਤ ਚਾਹ ਪਿਲਾਇਆ ਕਰਦੇ।

ਉਨ੍ਹਾਂ ਦਾ ਵਿਆਹ ਕੇਰਲਾ ਦੀ ਇੱਕ ਤਲਾਕ਼ ਸ਼ੁਦਾ ਔਰਤ ਆਮਨਾ ਸਾਹਿਬਾ ਨਾਲ਼ ਹੋਇਆ ਸੀ। ਆਮਨਾ ਸਾਹਿਬਾ ਦੀ ਪਹਿਲਾਂ ਇੱਕ ਬੇਟੀ ਵੀ ਸੀ। ਇਸ ਬੇਟੀ ਨੂੰ ਉਨ੍ਹਾਂ ਨੇ ਹੀ ਪਾਲਿਆ ਹੈ। ਕੁੱਝ ਸਮਾਂ ਪਹਿਲਾਂ ਉਨ੍ਹਾਂ ਨੂੰ ਗੋਡਿਆਂ ਦੀ ਬਹੁਤ ਤਕਲੀਫ਼ ਹੋ ਗਈ ਅਤੇ ਚੱਲਣਾ ਫਿਰਨਾ ਮੁਸ਼ਕਿਲ ਹੋ ਗਿਆ। ਡਾਕਟਰਾਂ ਨੇ ਉਨ੍ਹਾਂ ਨੂੰ ਆਪ੍ਰੇਸ਼ਨ ਦਾ ਮਸ਼ਵਰਾ ਦਿੱਤਾ ਪਰ ਉਨ੍ਹਾਂ ਨੇ ਕ਼ਬੂਲ ਨਾ ਕੀਤਾ ਬਲਕਿ ਦੁਆ ਕੀਤੀ। ਬੜੇ ਦਰਦ ਅਤੇ ਗਿਰਯਾ ਨਾਲ਼ ਦੁਆ ਕੀਤੀ। ਉਹ ਕਹਿੰਦੇ ਹਨ ਕਿ ਇੱਕ ਰਾਤ ਖ਼ਾਬ ਵਿੱਚ ਦੇਖਿਆ ਕਿ ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਤਸ਼ਰੀਫ਼ ਲਿਆਏ ਹਨ ਅਤੇ ਬਹਿਸ਼ਤੀ ਮਕ਼ਬਰਾ ਦੀਆਂ ਕੁੱਝ ਬੂਟੀਆਂ ਖੁਆਈਆਂ ਹਨ। ਕਹਿੰਦੇ ਹਨ ਕਿ ਉਸਦੇ ਬਾਅਦ ਹੌਲ਼ੀ ਹੌਲ਼ੀ ਗੋਡਿਆਂ ਦੀ ਤਕਲੀਫ਼ ਖ਼ਤਮ ਹੋ ਗਈ ਅਤੇ ਅਪਣੀ ਖ਼ਾਹਿਸ਼ ਦੇ ਮੁਤਾਬਿਕ਼ ਦੁਬਾਰਾ ਬਾਕ਼ਾਇਦਾ ਮਸਜਿਦ ਅਕ਼ਸਾ ਅਤੇ ਮਸਜਿਦ ਮੁਬਾਰਕ ਵਿੱਚ ਆਉਣਾ ਸ਼ੁਰੂ ਹੋ ਗਏ। ਉਨ੍ਹਾਂ ਨੂੰ ਖ਼ਿਲਾਫ਼ਤ ਨਾਲ਼ ਬੇ ਇਨਤਿਹਾ ਮੁਹੱਬਤ ਸੀ। ਖੇਡਾਂ ਨਾਲ਼

ਦਿਲਚਸਪੀ ਸੀ ਇਸ ਲਈ ਨੌਜਵਾਨਾਂ ਨੂੰ ਵੀ ਉਨ੍ਹਾਂ ਨਾਲ਼ ਇੱਕ ਖ਼ਾਸ ਤਅੱਲੁਕ਼ ਸੀ। ਨੌਜਵਾਨਾਂ ਨੂੰ ਹੌਸਲਾ ਦਿਆ ਕਰਦੇ ਅਤੇ ਖੇਡ ਦੇ ਮੈਦਾਨਾਂ ਵਿੱਚ ਆ ਜਾਂਦੇ ਸਨ। ਇਸ ਲਿਹਾਜ਼ ਨਾਲ਼ ਬੱਚਿਆਂ ਦੀ ਤਰਬਿੱਯਤ ਵੀ ਹੋ ਜਾਂਦੀ ਸੀ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਦੇ ਇਰਸ਼ਾਦ ਦੇ ਮੁਤਾਬਿਕ਼ ਵੰਡ ਦੇ ਵੇਲ਼ੇ ਤਿੰਨ ਸੌ ਤੇਰਾਂ (313) ਦਰਵੇਸ਼ ਕਾਦੀਆਂ ਵਿੱਚ ਠਹਿਰੇ ਰਹੇ। ਆਪ ਜੀ ਉਨ੍ਹਾਂ ਦਰਵੇਸ਼ਾਂ ਵਿੱਚੋਂ ਆਖ਼ਰੀ ਸਨ ਜਿਨ੍ਹਾਂ ਦੀ ਵਫ਼ਾਤ ਹੋ ਗਈ। ਹੁਣ ਕਾਦੀਆਂ ਵਿੱਚ ਕੋਈ ਹੋਰ ਦਰਵੇਸ਼ ਨਹੀਂ ਰਿਹਾ ਅਤੇ ਕਾਦੀਆਂ ਦਾ ਇਹ ਪਹਿਲਾਂ ਜਲਸਾ ਹੈ ਜਿਹੜਾ ਕਿਸੇ ਦਰਵੇਸ਼ ਦੇ ਬਗ਼ੈਰ ਹੋ ਰਿਹਾ ਹੈ। ਹੁਣ ਕਾਦੀਆਂ ਵਿੱਚ ਰਹਿਣ ਵਾਲੀ ਨਵੀਂ ਨਸਲ ਦਾ ਕੰਮ ਹੈ ਕਿ ਆਪਣੇ ਇਨ੍ਹਾਂ ਕ਼ੁਰਬਾਨੀ ਕਰਨ ਵਾਲ਼ੇ ਬਜ਼ੁਰਗਾਂ ਦੀ ਰਿਵਾਇਤਾਂ ਨੂੰ ਕ਼ਾਇਮ ਰੱਖਦੇ ਹੋਏ ਵਫ਼ਾ ਅਤੇ ਨਿਸ਼ਠਾ ਨਾਲ਼ ਕਾਦੀਆਂ ਵਿੱਚ ਆਪਣੀਆਂ ਜ਼ਿੰਦਗੀਆਂ ਗੁਜ਼ਾਰਣ। ਅੱਲਾਹ ਤਆਲਾ ਉਨ੍ਹਾਂ ਨੂੰ ਤੌਫੀਕ਼ ਦੇਵੇ। ਆਮੀਨ।

ਇਸੇ ਤਰ੍ਹਾਂ ਹਜ਼ੂਰ ਅਨਵਰ ਨੇ ਸਤਿਕਾਰਯੋਗ ਮਿਰਜ਼ਾ ਮੁਹੰਮਦੁਦ ਦੀਨ ਨਾਜ਼ ਸਾਹਿਬ ਸਦਰ ਸਦਰ ਅੰਜੁਮਨ ਅਹਮਦਿੱਯਾ ਰਬਵਾ, ਪਾਕਿਸਤਾਨ ਅਤੇ ਸਤਿਕਾਰਯੋਗ ਅਕਮੁਰਾਤ ਖ਼ਾਕੈਇਫ਼ ਸਾਹਿਬ ਨੈਸ਼ਨਲ ਸਦਰ ਜਮਾਅਤ ਤੁਰਕਮਾਨਿਸਤਾਨ ਦਾ ਵੀ ਜ਼ਿਕਰ ਕੀਤਾ ਅਤੇ ਤਿੰਨਾ ਸੁਰਗਵਾਸੀਆਂ ਦੀ ਨਮਾਜ਼ਿ ਜਨਾਜ਼ਾ ਪੜ੍ਹਾਉਣ ਦਾ ਐਲਾਨ ਕੀਤਾ ਅਤੇ ਉਨ੍ਹਾਂ ਦੇ ਦਰਜਾਤ ਬੁਲੰਦ ਹੋਣ ਦੀ ਦੁਆ ਕੀਤੀ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُبِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِىَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْىِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞

ਖ਼ੁਲਾਸਾ ਖ਼ੁਤਬਾ ਜੁਮਆ ਦੇ ਪੰਜਾਬੀ ਅਨੁਵਾਦ ਨੂੰ ਹੋਰ ਸੋਹਣਾ ਬਣਾਉਣ ਲਈ ਆਪਣੇ ਸੁਝਾਅ ਜ਼ਰੂਰ ਦਿਓ।

ਅਨੁਵਾਦਕ ਦਾ ਨੰਬਰ +91 85285 07262।ਜਜ਼ਾਕੱਲਾਹ।